# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਡਕਟ-ਸ਼ਾਖਾ

ਨੰਬਰ: 3353/ਕੰਡਕਟ
ਮਿਤੀ: 21-3-2025

ਸਮੂਹ ਪ੍ਰਿੰਸੀਪਲ/ਇੰਚਾਰਜ ਸਾਹਿਬਾਨ,
ਸਬੰਧਿਤ ਕਾਲਜਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਿਸ਼ਾ: **ਮਈ-2025 ਵਿੱਚ ਹੋਣ ਵਾਲੀਆਂ ਯੂਨੀਵਰਸਿਟੀ ਪਰੀਖਿਆਵਾਂ ਵਿੱਚ ਸੂਪਰਵਾਈਜ਼ਰੀ ਸਟਾਫ਼ ਦੀ ਤੈਨਾਤੀ ਸਬੰਧੀ**

ਉਕੱਤ ਵਿਸ਼ੇ ਸਬੰਧੀ ਯੂਨੀਵਰਸਿਟੀ ਪ੍ਰੀਖਿਆਵਾਂ ਦੌਰਾਨ ਪਿਛਲੇ ਸਮੇਂ ਦੌਰਾਨ ਆਉਦੀਆਂ ਰਹੀਆਂ ਦਰਪੇਸ਼ ਦਿੱਕਤਾਂ ਨੂੰ ਪੂਰਨ ਰੂਪ ਵਿੱਚ ਵਿਚਾਰ ਕਰਨ ਉਪਰੰਤ ਅਤੇ ਕੁਝ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਤੋਂ ਪ੍ਰਾਪਤ ਸ਼ਿਕਾਇਤਾਂ/ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰੀਖਿਆ-ਸ਼ਾਖਾ ਵਿਖੇ ਹੋਈ ਇਕੱਤਰਤਾ ਅਤੇ ਡੀਨ, ਅਕਾਦਮਿਕ ਮਾਮਲੇ ਸਾਹਿਬ ਵਲੋਂ ਹੋਈ ਪ੍ਰਵਾਨਗੀ ਅਤੇ ਆਦੇਸ਼ਾਂ ਦੀ ਲੋਅ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋ ਯੂਨੀਵਰਸਿਟੀ ਪ੍ਰੀਖਿਆਵਾਂ ਲਈ ਸਥਾਪਿਤ ਪ੍ਰੀਖਿਆ ਕੇਂਦਰਾਂ ਤੇ ਕੇਵਲ ਸੈਂਟਰ ਸੁਪਰਡੈਂਟ ਦੀ ਹੀ ਡਿਊਟੀ ਲਗਾਈ ਜਾਵੇਗੀ। ਯੂਨੀਵਰਸਿਟੀ ਪ੍ਰੀਖਿਆਵਾਂ ਲਈ ਬਾਕੀ ਸਾਰਾ ਸੁਪਰਵਾਈਜ਼ਰੀ ਸਟਾਫ਼ ਸਬੰਧਿਤ ਕਾਲਜਾਂ (ਜਿਥੇ ਯੂਨੀਵਰਸਿਟੀ ਪ੍ਰੀਖਿਆਵਾਂ ਲਈ ਪ੍ਰੀਖਿਆ ਕੇਂਦਰ ਸਥਾਪਿਤ ਹਨ) ਦੇ ਪ੍ਰਿੰਸੀਪਲ ਸਾਹਿਬਾਨ ਵੱਲੋ ਆਪਣੇ ਪੱਧਰ ਤੇ ਮੁਹੱਈਆ ਕਰਵਾਇਆ ਜਾਵੇਗਾ।ਇਹ ਸੁਪਰਵਾਈਜ਼ਰੀ ਸਟਾਫ਼ ਦੀ ਪ੍ਰੀਖਿਆ ਡਿਊਟੀ ਯੂਨੀਵਰਸਿਟੀ ਵਲੋਂ ਤੈਨਾਤ ਕੇਂਦਰ ਨਿਗਰਾਨ ਆਪਣੀ ਲੋੜ ਅਨੁਸਾਰ ਲਗਾਉਣਗੇ। ਇਥੇ ਇਹ ਵੀ ਵਰਣਨ ਯੋਗ ਹੈ ਕਿ ਯੂਨੀਵਰਸਿਟੀ ਪਰੀਖਿਆਵਾਂ ਦੌਰਾਨ ਜੇਕਰ ਉਹਨਾਂ ਦੇ ਆਪਣੇ ਹੀ ਕਾਲਜ ਦਾ ਸਟਾਫ਼ ਹੋਵੇਗਾ ਤਾਂ ਕਾਲਜ ਦਾ ਕੰਮ/ਅਧਿਆਪਨ ਦਾ ਕੰਮ ਵੀ ਲੋੜ ਅਨੁਸਾਰ ਚਲਦਾ ਰਹੇਗਾ, ਕਿਉਕਿ ਕਈ ਵਾਰ ਕੁਝ ਕੋਰਸਾਂ ਦੀਆਂ ਲੰਬੀਆਂ ਚਲਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਦੇ ਨਾਲ-ਨਾਲ ਬਾਕੀ ਕੋਰਸਾਂ ਦੀ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹੁੰਦੀਆਂ ਹਨ। ਪ੍ਰਿੰਸੀਪਲ ਸਾਹਿਬਾਨ ਆਪਣੇ ਕਾਲਜ ਵਿਖੇ ਚਲਦੇ ਪ੍ਰੀਖਿਆ ਕੇਂਦਰ ਵਿਖੇ ਇਹ ਸਟਾਫ਼ ਯੂਨੀਵਰਸਿਟੀ ਨਿਯਮਾਂ ਅਨੁਸਾਰ ਤਹਿ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ ਤੇ ਹੀ ਕੇਂਦਰ ਨਿਗਰਾਨ ਨੂੰ ਮੁਹੱਈਆ ਕਰਨ ਦੀ ਕ੍ਰਿਪਾਲਤਾ ਕਰਨਗੇ।

Sharma 21/03/25

ਕੰਟਰੋਲਰ (ਪ੍ਰੀਖਿਆਵਾਂ)